# ਪੰਜਾਬੀ ਵਿਕਾਸ ਮੰਚ (ਸਾਹਿਤਿਕ)

(ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸ਼ਾਖਾ)

ਮੁੱਖ ਦਫਤਰ : 297, ਗਲੀ ਨੰ. 5, ਉਪਕਾਰ ਨਗਰ, ਸਿਵਿਲ ਲਾਈਨਜ਼, ਲੁਧਿਆਣਾ - 141001



o/c ਹਵਾਲਾ ਨੰ: 11-19 ਮਿਤੀ : 01. 08. 2022

**ਸੰਚਾਲਕ**

ਸ੍ਰ ਦਵਿੰਦਰ ਸਿੰਘ ਸੇਖਾ
ਮੋ.: 98140-70581

ਪ੍ਰੋ ਇੰਦਰਪਾਲ ਸਿੰਘ
ਮੋ.: 82838-11912

ਸ. ਕਰਮ ਸਿੰਘ ਜ਼ਖਮੀ
ਮੋ.: 98146-28027

ਬੀਬੀ ਬੇਅੰਤ ਕੌਰ ਗਿੱਲ
ਮੋ.: 83603-47384

ਸ੍ਰੀ ਮਿੱਤਰ ਸੈਨ ਮੀਤ
ਮੋ.: 98556-31777

ਵੱਲ

ਚੇਅਰਮੈਨ
ਪੰਜਾਬ ਕਲਾ ਪ੍ਰੀਸ਼ਦ,
ਚੰਡੀਗੜ੍ਹ

ਵਿਸ਼ਾ: ਸਾਲ 2019 ਅਤੇ 2020 ਵਿਚ ਸਰਦੂਲ ਸਿੰਘ ਲੱਖਾ ਦੇ ਛਪੇ ਦੋ ਉਤਮ ਕਹਾਣੀ-ਸੰਗ੍ਰਹਿਆਂ ਅਤੇ ਕਹਾਣੀਕਾਰ ਲੱਖਾ ਵੱਲ ਬਣਦਾ ਉਚੇਚਾ ਧਿਆਨ ਦੇਣ ਸਬੰਧੀ।

ਪੰਜਾਬੀ ਭਾਸ਼ਾ ਮੰਚ (ਸਾਹਿਤਕ), ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਇਕ ਇਕਾਈ ਹੈ। ਇਸ ਸੰਸਥਾ ਦਾ ਮੁੱਖ ਕਾਰਜ ਨਵੀਆਂ ਪਰ ਉੱਤਮ ਸਾਹਿਤਕ ਕ੍ਰਿਤਾਂ ਅਤੇ ਪ੍ਰਤਿਭਾਵਾਨ ਲੇਖਕਾਂ ਦੀ ਪਹਿਚਾਣ ਕਰਨਾ ਅਤੇ ਫੇਰ ਉਨਾਂ ਕ੍ਰਿਤਾਂ ਅਤੇ ਲੇਖਕਾਂ ਦਾ ਸਾਹਿਤ ਦੀ ਮੁੱਖ ਧਾਰਾ ਵਿਚ ਬਣਦਾ ਸਥਾਨ ਨਿਸ਼ਚਿਤ ਕਰਵਾਉਣ ਲਈ ਯਤਨਸ਼ੀਲ ਰਹਿਣਾ ਹੈ।

ਇਸ ਕਾਰਜ ਨੂੰ ਨੇਪਰੇ ਚਾੜ੍ਹਣ ਲਈ ਮੰਚ ਵਲੋਂ ਬਣਾਈ ਗਈ ਪੜਚੋਲ ਕਮੇਟੀ ਵਲੋਂ ਆਪਣੀ ਦੂਜੀ ਬੈਠਕ ਵਿਚ, ਸਾਲ 2019 ਅਤੇ 2020 ਵਿਚ ਸਰਦੂਲ ਸਿੰਘ ਲੱਖਾ ਦੇ ਛਪੇ ਹੇਠਲੇ ਦੋ ਉਤਮ ਕਹਾਣੀ-ਸੰਗ੍ਰਹਿਆਂ ਦੀ ਪਹਿਚਾਣ ਕੀਤੀ ਗਈ ਹੈ।

**ਸਰਹੱਦਾਂ ਨੀਂ ਬੋਲਦੀਆਂ (2019)**

**'ਇਸ ਕਹਾਣੀ-ਸੰਗ੍ਰਹਿ ਅੰਦਰ ਸ਼ਾਮਿਲ ਹਰ ਕਹਾਣੀ ਜਿੱਥੇ ਪਾਠਕ ਨੂੰ ਉਂਗਲ਼ੀ ਫੜ ਕੇ ਆਪਣੇ ਨਾਲ਼-ਨਾਲ਼ ਸੈਰ ਕਰਵਾਉਂਦੀ ਹੈ, ਉਥੇ ਵਰਤਮਾਨ ਇਨਸਾਨੀ ਸੁਭਾਅ ਅੰਦਰੋਂ ਸਹਿਕ-ਸਹਿਕ ਮਰ ਰਹੀਆਂ ਕਦਰਾਂ-ਕੀਮਤਾਂ ਲਈ ਆਕਸੀਜਨ ਦਾ ਵੀ ਕੰਮ ਕਰਦੀ ਹੈ। ਕਹਾਣੀਕਾਰ ਨੇ ਆਪਣੇ ਜੀਵਨ ਵਿਚ ਜੋ ਹੰਢਾਇਆ ਅਤੇ ਸਮਾਜ ਵਿਚ ਜੋ ਵੇਖਿਆ, ਉਸਨੂੰ ਬੜੀ ਸਹਿਜਤਾ, ਸਪੱਸ਼ਟਤਾ ਅਤੇ ਸੁਚੱਜਤਾ ਨਾਲ਼ ਸਭ ਦੇ ਸਾਹਮਣੇ ਰੱਖ ਦਿੱਤਾ ਹੈ। ਰਚਨਾਵਾਂ ਦੀ ਸਿਰਜਣਾ ਕਰਦਿਆਂ ਇਸ ਗੱਲ ਦਾ ਉਸਨੇ ਬੜੀ ਜਾਗਰੂਕਤਾ ਨਾਲ਼ ਖਿਆਲ ਰੱਖਿਆ ਹੈ ਕਿ ਮਨੋਭਾਵਾਂ, ਵਿਚਾਰਾਂ ਅਤੇ ਘਟਨਾਵਾਂ ਦੀ ਪੇਸ਼ਕਾਰੀ ਦੇ ਵਹਿਣ ਵਿਚ ਕਿਤੇ ਸਾਹਿੱਤ ਦਾ ਉਦੇਸ਼ ਧੁੰਦਲ਼ਾ ਨਾ ਹੋ ਜਾਵੇ। '**

**'ਜਿਊਣ ਜੋਗੇ' (2020)**

**'ਇਸ ਕਹਾਣੀ-ਸੰਗ੍ਰਹਿ ਅੰਦਰ ਸੰਘਰਸ਼ਮਈ ਕਿਰਸਾਨੀ ਜੀਵਨ ਦੇ ਮਿੱਠੇ- ਕੁਸੈਲੇ ਅਨੁਭਵ,**

,ਪ੍ਰਵਾਸੀਆਂ ਦੇ ਵਿਭਿੰਨ ਜੀਵਨ-ਰੰਗ ਅਤੇ ਤ੍ਰਾਸਦੀਆਂ, ਜਮਾਤ ਦੇ ਪਰਬਤਾਂ ਜਿੱਡੇ ਇਮਤਿਹਾਨਾਂ, ਸੈਨਿਕਾਂ ਅੰਦਰ ਚੱਲ ਰਹੇ ਆਤਮਯੁੱਧ ਅਤੇ ਆਤੰਕਵਾਦ ਵਰਗੇ ਸੰਗੀਨ ਮਸਲਿਆਂ ਦੀ ਜਿੱਥੇ ਜਿਉਂਦੇ-ਜਾਗਦੇ ਪਾਤਰਾਂ ਜ਼ਰੀਏ ਬੜੀ ਹੀ ਸੰਜੀਦਾ ਪੇਸ਼ਕਾਰੀ ਹੋਈ ਹੈ, ਉੱਥੇ ਪਦਾਰਥਵਾਦ ਦੀ ਅੰਨ੍ਹੀ ਦੌੜ, ਥੋਥੇ ਆਧੁਨਿਕੀਕਰਨ ਦੀ ਨ੍ਹੇਰੀ ਅਤੇ ਇਕੱਲਤਾ ਦੇ ਸੰਤਾਪ ਕਾਰਨ ਲੀਹੋਂ ਲੱਥਦੀ ਜਾ ਰਹੀ ਜ਼ਿੰਦਗੀ ਦੀ ਪੂਰਨਤਾ ਅਤੇ ਸ਼ੁੱਧੀਕਰਨ ਲਈ ਕਈ ਬੇਸ਼ਕੀਮਤੀ ਨੁਕਤੇ ਵੀ ਸਾਂਝੇ ਕੀਤੇ ਗਏ ਹਨ।'

ਇਨਾਂ ਕਹਾਣੀ-ਸੰਗ੍ਰਹਿਆਂ ਨੂੰ ਪਾਠਕਾਂ ਵਲੋਂ ਵੀ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਆਪ ਜੀ ਦੇ ਧਿਆਨ ਵਿਚ ਹੀ ਹੈ ਕਿ ਲੰਬੇ ਸਮੇਂ ਤੋਂ ਪੰਜਾਬੀ ਸਾਹਿਤ ਨਾਲ ਸਬੰਧਤ ਹਰ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਤੇ ਸਰਕਾਰੇ ਦਰਬਾਰੇ ਪੁਹੰਚ ਰੱਖਣ ਵਾਲੇ ਮੁੱਠੀ ਭਰ ਸਾਹਿਤਕਾਰ ਕਾਬਜ ਹੋਏ ਹੋਏ ਹਨ। ਬਾਬੇ ਬੋਹੜਾਂ ਦੀ ਛਾਂ ਹੇਠ ਉਘੇ ਨਵੇਂ ਪੌਦੇ ਜਵਾਨ ਹੋਣ ਤੋਂ ਪਹਿਲਾਂ ਹੀ ਮੁਰਝਾ ਰਹੇ ਹਨ।

*ਸਰਕਾਰੀ ਹੋਣ ਕਾਰਨ* ਆਪ ਜੀ ਦੀ ਸੰਸਥਾ ਦੀ ਮੁੱਢਲੀ ਜਿੰਮੇਵਾਰੀ, ਸੌੜੇ ਹਿੱਤਾਂ ਨੂੰ ਪੂਰਨ ਦੀ ਥਾਂ, ਨਿਰਪੱਖ ਹੋ ਕੇ ਪੰਜਾਬੀ ਸਾਹਿਤ ਦੀ ਪ੍ਰਫੁਲਤਾ ਲਈ ਸਿਰਤੋੜ ਯਤਨ ਕਰਨਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਨਵੇਂ ਸਾਹਿਤਕਾਰਾਂ ਅਤੇ ਉਤਮ ਸਾਹਿਤਕ ਕਿਰਤਾਂ ਦੀ ਭਾਲ ਕਰਕੇ ਉਨ੍ਹਾਂ ਨੂੰ ਹਰ ਪੱਧਰ ਤੇ ਬਣਦਾ ਮਾਣ ਸਤਿਕਾਰ ਦਿੱਤਾ ਜਾਵੇ। ਇਸ ਪਵਿਤਰ ਕਾਰਜ ਵਿਚ ਤੁਹਾਡਾ ਹੱਥ ਵਟਾਉਣ ਲਈ ਮੰਚ ਅੱਗੇ ਵਧਿਆ ਹੈ।

ਅਗੋਂ ਤੋਂ ਆਪਜੀ ਦੀ ਸੰਸਥਾ ਵੱਲੋਂ ਕਰਵਾਏ ਜਾਣ ਵਾਲੇ ਸਾਹਿਤਕ ਸਮਾਗਮਾਂ ਵਿਚ ਇਨਾਂ ਪੁਸਤਕਾਂ ਨੂੰ ਅਤੇ ਮਾਨ ਸਨਮਾਨ, ਪੁਰਸਕਾਰ ਆਦਿ ਦੀ ਚੋਣ ਸਮੇਂ ਇਨਾਂ ਕਹਾਣੀ-ਸੰਗ੍ਰਿਹਾਂ ਅਤੇ ਸਾਹਿਤਕਾਰ ਵੱਲ ਬਣਦਾ ਧਿਆਨ ਦੇਣ ਦੀ ਮੰਚ ਵਲੋਂ ਸਿਫਾਰਸ਼ ਕੀਤੀ ਜਾਂਦੀ ਹੈ।

ਜੇ ਇਹ ਬੇਨਤੀ ਪ੍ਰਵਾਨ ਹੋਵੇ ਅਤੇ ਸਮਾਗਮ ਲਈ ਪੁਸਤਕਾਂ ਦੀ ਲੋੜ ਪਵੇ ਤਾਂ ਕਹਾਣੀਕਾਰ ਨਾਲ ਸਿੱਧੇ ਤੌਰ ਤੇ ਸੰਪਰਕ ਸਥਾਪਤ ਕਰਨ ਦੀ ਖੇਚਲ ਕੀਤੀ ਜਾਵੇ। ਲੇਖਕ ਨੇ ਸੰਸਥਾ ਨੂੰ ਲੋੜੀਂਦੀਆਂ ਪੁਸਤਕਾਂ ਉਪਲਬਧ ਕਰਵਾਉਣ ਲਈ ਹਾਮੀ ਭਰੀ ਹੋਈ ਹੈ।

***ਉਸਾਰੂ ਹੁੰਘਾਰੇ ਦੀ ਉਡੀਕ ਵਿਚ।***

ਵਿਸ਼ਵਾਸ਼ਪਾਤਰ

— ਦਸਤਖ਼ਤ — ਦਸਤਖ਼ਤ

(ਦਵਿੰਦਰ ਸਿੰਘ ਸੇਖਾ) (ਪ੍ਰੋ. ਇੰਦਰਪਾਲ ਸਿੰਘ)